**International Journal of Research in Economics and Social Sciences(IJRESS)**
Available online at: http://euroasiapub.org
Vol. 8 Issue 7, July- 2018
ISSN(o): 2249-7382 | Impact Factor: 6.939 |

# ਤੁਰਕੀ ਸਾਮਰਾਜ ਦੀ ਵੰਡ - ਖ਼ਿਲਾਫ਼ਤ ਅੰਦੋਲਨ ਦਾ ਉਥਾਨ ਅਤੇ ਪਤਨ

**ਮਨਦੀਪ ਕੌਰ**

ਐਮ.ਏ. ਇਤਿਹਾਸ, ਗੋਲਡ ਮੈਡਲਿਸਟ

**ਸਾਰ -** ਜਲ੍ਹਿਆਂਵਾਲਾ ਬਾਗ਼ ਦੀ ਦੁਰਘਟਨਾ ਦੇ ਸਿੱਟੇ ਵਜੋਂ ਭਾਰਤੀ ਰਾਸ਼ਟਰਵਾਦੀ ਵਿਦੇਸ਼ੀ ਸ਼ਾਸਨ ਖ਼ਿਲਾਫ਼ ਭੜਕ ਉੱਠੇ ਸਨ ਤਾਂ ਇਸ ਸਮੇਂ ਭਾਰਤੀ ਮੁਸਲਮਾਨ ਵੀ ਬ੍ਰਿਟਿਸ਼ ਸਰਕਾਰ ਦੇ ਵਿਰੁੱਧ ਹੋ ਗਏ ਸਨ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਪਹਿਲੇ ਵਿਸ਼ਵ ਯੁੱਧ ਦੇ ਖ਼ਤਮ ਹੋਣ ਤੋਂ ਬਾਅਦ ਬਰਤਾਨੀਆਂ ਅਤੇ ਉਸ ਦੇ ਸਾਥੀ ਰਾਸ਼ਟਰਾਂ ਨੇ ਤੁਰਕੀ ਸਾਮਰਾਜ ਨੂੰ ਵੰਡ ਦਿੱਤਾ ਸੀ। ਬ੍ਰਿਟਿਸ਼ ਪ੍ਰਧਾਨ ਮੰਤਰੀ ਲਾਇਡ ਜਾਰਜ ਨੇ ਯੁੱਧ ਦੇ ਸਮੇਂ ਇਸ ਤਰ੍ਹਾਂ ਕਰਨ ਤੋਂ ਰੋਕਿਆ ਸੀ। ਮੁਸਲਮਾਨ ਤੁਰਕੀ ਦੇ ਸੁਲਤਾਨ ਨੂੰ ਖ਼ਲੀਫ਼ਾ ਭਾਵ ਸਰਵਉੱਚ ਧਾਰਮਿਕ ਨੇਤਾ ਮੰਨਦੇ ਸਨ। ਮੁਸਲਮਾਨ ਲੋਕ ਇਹ ਨਹੀਂ ਸੀ ਚਾਹੁੰਦੇ ਕਿ ਖ਼ਲੀਫ਼ਾ ਨੂੰ ਕਿਸੇ ਕਿਸਮ ਦੀ ਕੋਈ ਸੱਟ ਵੱਜੇ। ਉਹ ਇਹ ਬਰਦਾਸ਼ਤ ਨਹੀਂ ਸੀ ਕਰ ਸਕਦੇ ਕਿ ਖ਼ਲੀਫ਼ਾ ਦੀ ਸ਼ਕਤੀ ਕਮਜ਼ੋਰ ਹੋਵੇ। ਬ੍ਰਿਟਿਸ਼ ਸਰਕਾਰ ਨੇ ਖ਼ਲੀਫ਼ਾ ਦੀ ਸ਼ਕਤੀ ਨੂੰ ਕਮਜ਼ੋਰ ਕੀਤਾ, ਜਿਸ ਦੇ ਸਿੱਟੇ ਵਜੋਂ ਭਾਰਤੀ ਮੁਸਲਮਾਨ ਬ੍ਰਿਟਿਸ਼ ਸਰਕਾਰ ਵਿਰੁੱਧ ਭੜਕ ਉੱਠੇ। ਭਾਰਤੀ ਮੁਸਲਮਾਨਾਂ ਨੇ ਖ਼ਲੀਫ਼ਾ ਦੇ ਪ੍ਰਸ਼ਨ ਨੂੰ ਲੈ ਕੇ ਬ੍ਰਿਟਿਸ਼ ਸਰਕਾਰ ਖ਼ਿਲਾਫ਼ ਅੰਦੋਲਨ ਆਰੰਭ ਕਰ ਦਿੱਤਾ, ਜਿਸ ਨੂੰ 'ਖ਼ਿਲਾਫ਼ਤ ਅੰਦੋਲਨ' ਕਿਹਾ ਜਾਂਦਾ ਹੈ। ਮੌਲਾਨਾ ਸ਼ੌਕਤ ਅਲੀ, ਮੌਲਾਨਾ ਮੁਹੰਮਦ ਅਲੀ, ਮੌਲਾਨਾ ਅਬੁਲ ਕਲਾਮ ਆਜ਼ਾਦ ਅਤੇ ਹਕੀਮ ਅਜਮਲ ਖ਼ਾਨ ਦੀ ਅਗਵਾਈ ਹੇਠ 'ਖ਼ਿਲਾਫ਼ਤ ਕਮੇਟੀ' ਬਣਾਈ ਗਈ। ਨਵੰਬਰ, 1919 ਈ. ਵਿੱਚ ਦਿੱਲੀ ਵਿਖੇ ਹੋਈ ਖ਼ਿਲਾਫ਼ਤ ਕਾਨਫ਼ਰੰਸ ਵਿੱਚ ਇਹ ਫ਼ੈਸਲਾ ਕੀਤਾ ਗਿਆ ਕਿ ਜਦੋਂ ਤੱਕ ਸਰਕਾਰ ਉਨ੍ਹਾਂ ਦੀਆਂ ਮੰਗਾਂ ਨੂੰ ਸਵੀਕਾਰ ਨਹੀਂ ਕਰਦੀ, ਉਦੋਂ ਤੱਕ ਉਹ ਸਰਕਾਰ ਦੇ ਵਿਰੁੱਧ ਡਟੇ ਰਹਿਣਗੇ ਅਤੇ ਸਰਕਾਰ ਦਾ ਸਾਥ ਨਹੀਂ ਦੇਣਗੇ। ਮਹਾਤਮਾ ਗਾਂਧੀ ਅਤੇ ਲੋਕਮਾਨਯ ਤਿਲਕ ਨੇ ਇਸ ਮੌਕੇ ਦਾ ਲਾਭ ਚੁੱਕਿਆ। ਇਨ੍ਹਾਂ ਦੋਵਾਂ ਨੇ ਮੁਸਲਮਾਨਾਂ ਦਾ ਸਾਥ ਦਿੱਤਾ ਅਤੇ ਹਿੰਦੂਆਂ ਨੂੰ ਵੀ ਇਸ ਅੰਦੋਲਨ ਦਾ ਹਿੱਸਾ ਬਣਨ ਲਈ ਕਿਹਾ। ਉਨ੍ਹਾਂ ਨੇ ਕਿਹਾ ਕਿ ਇਸ ਅੰਦੋਲਨ ਵਿੱਚ ਹਿੰਦੂ ਅਤੇ ਮੁਸਲਮਾਨ ਦੋਵੇਂ ਰਲ ਕੇ ਬ੍ਰਿਟਿਸ਼ ਸਰਕਾਰ ਵਿਰੁੱਧ ਲੜਨ। ਇਸ ਨਾਲ ਬ੍ਰਿਟਿਸ਼ ਸਰਕਾਰ ਦੇ ਸ਼ਾਸਨ ਵਿਰੁੱਧ ਰਾਸ਼ਟਰੀ ਏਕਤਾ ਕਾਇਮ ਹੋਵੇਗੀ। ਥੋੜ੍ਹਾ ਸਮਾਂ ਲੰਘ ਜਾਣ ਤੋਂ ਬਾਅਦ ਮਹਾਤਮਾ ਗਾਂਧੀ ਇਸ ਅੰਦੋਲਨ ਦੇ ਇੱਕ ਮੁੱਖ ਨੇਤਾ ਮੰਨੇ ਜਾਣ ਲੱਗੇ। ਖ਼ਿਲਾਫ਼ਤ ਕਮੇਟੀ ਦੇ ਫ਼ੈਸਲੇ ਅਨੁਸਾਰ 31 ਅਗਸਤ, 1920 ਈ. ਨੂੰ ਨਾ-ਮਿਲਵਰਤਨ ਅੰਦੋਲਨ ਆਰੰਭ ਕਰ ਦਿੱਤਾ ਗਿਆ।

**ਮੁੱਖ ਸ਼ਬਦ -** ਬ੍ਰਿਟਿਸ਼ ਸਰਕਾਰ, ਖ਼ਿਲਾਫ਼ਤ ਅੰਦੋਲਨ, ਖ਼ਲੀਫ਼ਾ, ਤੁਰਕੀ, ਅੰਗਰੇਜ਼, ਭਾਰਤੀ ਮੁਸਲਮਾਨ, ਮਹਾਤਮਾ ਗਾਂਧੀ, ਨਾ-ਮਿਲਵਰਤਨ ਅੰਦੋਲਨ।

**ਜਾਣ-ਪਛਾਣ -** ਪਹਿਲੇ ਵਿਸ਼ਵ ਯੁੱਧ ਵਿੱਚ ਤੁਰਕੀ ਨੇ ਮਿੱਤਰ ਰਾਸ਼ਟਰਾਂ ਦੇ ਵਿਰੁੱਧ ਜਰਮਨੀ ਦਾ ਸਾਥ ਦਿੱਤਾ ਸੀ। ਭਾਰਤ ਦੇ ਮੁਸਲਮਾਨ ਤੁਰਕੀ ਦੇ ਸੁਲਤਾਨ ਨੂੰ ਆਪਣਾ ਧਾਰਮਿਕ ਆਗੂ ਸਮਝਦੇ ਸਨ। ਪਹਿਲੇ ਵਿਸ਼ਵ ਯੁੱਧ ਵਿੱਚ ਤੁਰਕੀ ਅੰਗਰੇਜ਼ਾਂ ਦੇ ਵਿਰੁੱਧ ਲੜਿਆ ਸੀ। ਪਹਿਲੇ ਵਿਸ਼ਵ ਯੁੱਧ ਦੌਰਾਨ ਇੰਗਲੈਂਡ ਦੇ ਪ੍ਰਧਾਨ ਮੰਤਰੀ ਨੇ ਭਾਰਤੀ ਮੁਸਲਮਾਨਾਂ ਨੂੰ ਵਿਸ਼ਵਾਸ ਦਿੱਤਾ ਕਿ ਖ਼ਲੀਫ਼ਾ ਨਾਲ ਚੰਗਾ ਵਿਵਹਾਰ ਕੀਤਾ ਜਾਵੇਗਾ ਪਰ ਵਿਸ਼ਵ ਯੁੱਧ ਤੋਂ ਬਾਅਦ 1920 ਈ. ਵਿੱਚ ਹੋਈ ਸੇਵਰਸ ਦੀ ਸੰਧੀ ਅਨੁਸਾਰ

ਤੁਰਕੀ ਨੂੰ ਕਈ ਭਾਗਾਂ ਵਿੱਚ ਵੰਡ ਦਿੱਤਾ ਗਿਆ ਅਤੇ ਸੁਲਤਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅਜਿਹਾ ਕਰਨ ਕਰਕੇ ਭਾਰਤੀ ਮੁਸਲਮਾਨਾਂ ਵਿੱਚ ਰੋਸ ਪੈਦਾ ਹੋ ਗਿਆ ਅਤੇ ਉਨ੍ਹਾਂ ਨੇ ਬ੍ਰਿਟਿਸ਼ ਸਰਕਾਰ ਖ਼ਿਲਾਫ਼ ਅੰਦੋਲਨ ਸ਼ੁਰੂ ਕਰ ਦਿੱਤਾ, ਜਿਸ ਨੂੰ 'ਖ਼ਿਲਾਫ਼ਤ ਅੰਦੋਲਨ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਮੌਲਾਨਾ ਸ਼ੌਕਤ ਅਲੀ, ਮੌਲਾਨਾ ਮੁਹੰਮਦ ਅਲੀ, ਮੌਲਾਨਾ ਅਬੁਲ ਕਲਾਮ ਆਜ਼ਾਦ ਅਤੇ ਹਕੀਮ ਅਜਮਲ ਖ਼ਾਨ ਇਸ ਅੰਦੋਲਨ ਦੇ ਪ੍ਰਮੁੱਖ ਨੇਤਾ ਸਨ। ਮਹਾਤਮਾ ਗਾਂਧੀ ਨੇ ਵੀ ਇਸ ਅੰਦੋਲਨ ਦਾ ਸਮਰਥਨ ਕੀਤਾ। ਇਸਲਾਮ ਧਰਮ ਨੂੰ ਮੰਨਣ ਵਾਲੇ ਸਾਰੇ ਮੁਸਲਮਾਨ ਲੋਕ ਆਪਣੇ ਧਾਰਮਿਕ ਗੁਰੂ ਦਾ ਬਹੁਤ ਸਤਿਕਾਰ ਕਰਦੇ ਸਨ। ਹਿੰਦੁਸਤਾਨੀ ਮੁਸਲਮਾਨ ਤੁਰਕੀ ਦੇ ਸੁਲਤਾਨ ਨੂੰ ਆਪਣਾ ਖ਼ਲੀਫ਼ਾ ਮੰਨਦੇ ਸਨ। ਉਹ ਖ਼ਲੀਫ਼ਾ ਦੇ ਹੁਕਮ ਨੂੰ ਮੰਨਣਾ ਆਪਣਾ ਧਰਮ ਸਮਝਦੇ ਸਨ। ਪਹਿਲੇ ਵਿਸ਼ਵ ਯੁੱਧ ਵਿੱਚ ਤੁਰਕੀ ਨੇ ਅੰਗਰੇਜ਼ਾਂ ਦਾ ਸਾਥ ਨਹੀਂ ਦਿੱਤਾ, ਸਗੋਂ ਅੰਗਰੇਜ਼ਾਂ ਦੇ ਖ਼ਿਲਾਫ਼ ਜਰਮਨੀ ਦਾ ਸਾਥ ਦਿੱਤਾ ਸੀ। ਭਾਰਤੀ ਮੁਸਲਮਾਨਾਂ ਨੇ ਤੁਰਕੀ ਦਾ ਸਾਥ ਦਿੱਤਾ ਸੀ ਅਤੇ ਅੰਗਰੇਜ਼ਾਂ ਦਾ ਵਿਰੋਧ ਕੀਤਾ ਸੀ। ਇੰਗਲੈਂਡ ਨੇ ਚਲਾਕੀ ਨਾਲ ਭਾਰਤੀ ਮੁਸਲਮਾਨਾਂ ਦਾ ਦਿਲ ਜਿੱਤ ਲਿਆ। ਯੁੱਧ ਵਿੱਚ ਇੰਗਲੈਂਡ ਨੇ ਐਲਾਨ ਕੀਤਾ ਸੀ ਕਿ ਉਹ ਯੁੱਧ ਦੇ ਖ਼ਤਮ ਹੋਣ ਤੋਂ ਬਾਅਦ ਤੁਰਕੀ ਨੂੰ ਕਿਸੇ ਕਿਸਮ ਦਾ ਨੁਕਸਾਨ ਨਹੀਂ ਹੋਣ ਦੇਣਗੇ, ਜਿਸ ਕਰਕੇ ਭਾਰਤੀ ਮੁਸਲਮਾਨਾਂ ਨੇ ਇੰਗਲੈਂਡ ਦੀ ਸਹਾਇਤਾ ਕੀਤੀ। ਯੁੱਧ ਖ਼ਤਮ ਹੋਣ ਉਪਰੰਤ ਅੰਗਰੇਜ਼ਾਂ ਨੇ ਆਪਣਾ ਕੋਈ ਵੀ ਐਲਾਨ ਪੂਰਾ ਨਾ ਕੀਤਾ ਅਤੇ ਤੁਰਕੀ ਦੇ ਸੁਲਤਾਨ ਦੀਆਂ ਮੰਗਾਂ ਵੱਲ ਕੋਈ ਧਿਆਨ ਨਾ ਦਿੱਤਾ। ਤੁਰਕੀ ਤੋਂ ਇੱਕ ਸੰਧੀ ਦੇ ਅਨੁਸਾਰ ਕਈ ਰਾਜ ਖੋਹ ਲਏ ਗਏ ਅਤੇ ਖੋਹੇ ਹੋਏ ਰਾਜਾਂ ਦੀ ਵੰਡ ਅੰਗਰੇਜ਼ਾਂ ਅਤੇ ਫ਼ਰਾਂਸੀਸੀਆਂ ਨੇ ਆਪਸ ਵਿੱਚ ਕਰ ਲਈ। ਖ਼ਲੀਫ਼ਾ ਨੂੰ ਕੈਦ ਕਰ ਲਿਆ ਗਿਆ, ਜਿਸ ਕਰਕੇ ਭਾਰਤੀ ਮੁਸਲਮਾਨਾਂ ਦਾ ਖ਼ੂਨ ਖ਼ੌਲ ਗਿਆ ਅਤੇ ਅੰਗਰੇਜ਼ਾਂ ਦੇ ਖ਼ਿਲਾਫ਼ ਅੰਦੋਲਨ ਸ਼ੁਰੂ ਕਰ ਦਿੱਤਾ।

ਮਹਾਤਮਾ ਗਾਂਧੀ ਦਾ ਵਿਚਾਰ ਸੀ ਕਿ ਮੁਸਲਮਾਨਾਂ ਦਾ ਸਾਥ ਦੇ ਕੇ ਭਾਰਤ ਵਿੱਚ ਹਿੰਦੂ-ਮੁਸਲਿਮ ਏਕਤਾ ਕਾਇਮ ਕੀਤੀ ਜਾ ਸਕਦੀ ਹੈ। ਇਸ ਲਈ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਡਾ. ਅਨਸਾਰੀ, ਅਲੀ ਭਰਾ ਅਤੇ ਹੋਰ ਮੁਸਲਮਾਨ ਨੇਤਾਵਾਂ ਦੀ ਹਾਜ਼ਰੀ ਵਿੱਚ ਇੱਕ ਪ੍ਰਤੀਨਿਧੀ ਮੰਡਲ ਅੰਗਰੇਜ਼ ਗਵਰਨਰ ਕੋਲ ਭੇਜ ਦਿੱਤਾ ਗਿਆ ਪਰ ਤੁਰਕੀ ਦੇ ਸੰਬੰਧ ਵਿੱਚ ਮੁਸਲਮਾਨਾਂ ਦੇ ਪੱਖ ਦੀ ਕੋਈ ਵੀ ਗੱਲ ਨਾ ਸੁਣੀ ਗਈ। ਇੰਗਲੈਂਡ ਦੇ ਪ੍ਰਧਾਨ ਮੰਤਰੀ ਨੇ ਇਸ ਦੇ ਸੰਬੰਧ ਵਿੱਚ ਉੱਤਰ ਦਿੱਤਾ ਕਿ ਤੁਰਕੀ ਦਾ ਸਮਰਾਟ ਸਿਰਫ਼ ਤੁਰਕੀ 'ਤੇ ਹੀ ਆਪਣਾ ਅਧਿਕਾਰ ਰੱਖ ਸਕਦਾ ਹੈ। ਉਹ ਤੁਰਕੀ ਤੋਂ ਬਿਨਾਂ ਕਿਸੇ ਹੋਰ ਗ਼ੈਰ-ਤੁਰਕ ਦੇਸ਼ 'ਤੇ ਆਪਣਾ ਹੱਕ ਨਹੀਂ ਰੱਖ ਸਕਦਾ। 19 ਮਾਰਚ, 1920 ਈ. ਨੂੰ ਬ੍ਰਿਟਿਸ਼ ਸਰਕਾਰ ਦਾ ਜਵਾਬ ਮਿਲਣ ਉਪਰੰਤ ਇਸ ਦਿਨ ਨੂੰ 'ਸੋਕ ਦਿਵਸ' ਵਜੋਂ ਮਨਾਇਆ ਗਿਆ। ਮੌਲਾਨਾ ਸ਼ੌਕਤ ਅਲੀ ਨੇ ਇਹ ਐਲਾਨ ਕਰ ਦਿੱਤਾ, ਜੇਕਰ ਤੁਰਕੀ ਦੇ ਸੰਬੰਧ ਵਿੱਚ ਕੋਈ ਵੀ ਫ਼ੈਸਲਾ ਨਾ ਲਿਆ ਗਿਆ ਤਾਂ ਉਹ ਬ੍ਰਿਟਿਸ਼ ਸਰਕਾਰ ਦੇ ਨਾਲ ਕੀਤੀ ਸੰਧੀ ਨੂੰ ਰੱਦ ਕਰ ਦੇਣਗੇ ਅਤੇ ਕਦੇ ਵੀ ਬ੍ਰਿਟਿਸ਼ ਸਰਕਾਰ ਨਾਲ ਵਫ਼ਾਦਾਰੀ ਨਹੀਂ ਕਰਨਗੇ। ਭਾਰਤੀ ਮੁਸਲਮਾਨ ਜਾਣਦੇ ਸਨ ਕਿ ਪਹਿਲੇ ਵਿਸ਼ਵ ਯੁੱਧ ਦੌਰਾਨ ਬ੍ਰਿਟਿਸ਼ ਸਰਕਾਰ ਦਾ ਸਾਥ ਦੇ ਕੇ ਉਨ੍ਹਾਂ ਨੇ ਆਪਣੇ-ਆਪ ਲਈ ਖ਼ਤਰਾ ਪੈਦਾ ਕਰ ਲਿਆ ਹੈ। ਉਹ ਜਾਣਦੇ ਸਨ ਕਿ ਅੰਗਰੇਜ਼ ਤੁਰਕੀ ਤੋਂ ਬਦਲਾ ਜ਼ਰੂਰ ਲੈਣਗੇ ਕਿਉਂਕਿ ਉਨ੍ਹਾਂ ਨੇ ਆਪਣੇ ਧਾਰਮਿਕ ਆਗੂ ਦਾ ਸਾਥ ਦਿੱਤਾ ਸੀ। ਇਸ ਤਰ੍ਹਾਂ ਦੇ ਹਾਲਾਤਾਂ ਕਾਰਨ ਮੁਸਲਮਾਨਾਂ ਨੂੰ ਹਮੇਸ਼ਾ ਇੰਗਲੈਂਡ ਤੋਂ ਖ਼ਤਰਾ ਸੀ। ਤੁਰਕੀ ਦੇ ਸੁਲਤਾਨ ਅਤੇ ਇੰਗਲੈਂਡ ਦੇ ਵਿਚਕਾਰ ਆਪਸੀ ਸੰਬੰਧਾਂ ਵਿੱਚ ਕੁੜੱਤਣ ਆ ਜਾਣ ਕਾਰਨ ਮੁਸਲਿਮ ਲੀਗ ਵੀ ਅੰਗਰੇਜ਼ਾਂ ਦੇ ਵਿਰੁੱਧ ਹੋ ਗਈ। ਮੁਸਲਿਮ ਲੀਗ ਨੇ ਕਾਂਗਰਸ ਨਾਲ ਆਪਣੇ ਸੰਬੰਧ ਸੁਧਾਰਨ ਦੇ ਯਤਨ ਕੀਤੇ। ਜਿਸ ਦੇ

**International Journal of Research in Economics and Social Sciences(IJRESS)**
Available online at: http://euroasiapub.org
Vol. 8 Issue 7, July- 2018
ISSN(o): 2249-7382 | Impact Factor: 6.939 |

ਨਤੀਜੇ ਵਜੋਂ ਦੋਵਾਂ ਵਿਚਕਾਰ ਲਖਨਊ ਵਿੱਚ ਇੱਕ ਸਮਝੌਤਾ ਹੋਇਆ, ਜਿਸ ਨੂੰ 'ਲਖਨਊ ਸਮਝੌਤਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਸਮਝੌਤੇ ਨੂੰ ਭਾਰਤੀ ਇਤਿਹਾਸ ਵਿੱਚ 'ਕਾਂਗਰਸ-ਲੀਗ ਯੋਜਨਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਸਮਝੌਤੇ ਅਨੁਸਾਰ ਕਾਂਗਰਸ ਅਤੇ ਮੁਸਲਿਮ ਲੀਗ ਨੇ ਆਪਸ ਵਿੱਚ ਮਿਲਕੇ ਸੁਤੰਤਰਤਾ ਅੰਦੋਲਨ ਵਿੱਚ ਸੰਘਰਸ਼ ਕਰਨ ਦਾ ਫ਼ੈਸਲਾ ਕੀਤਾ। ਲਖਨਊ ਵਿੱਚ ਪ੍ਰਸਿੱਧ ਹਸਤੀਆਂ ਦੇ ਯਤਨਾਂ ਸਦਕਾ ਨਰਮ ਦਲ ਅਤੇ ਗਰਮ ਦਲ ਦਾ ਦੁਬਾਰਾ ਪੁਨਰ ਮਿਲਾਪ ਹੋ ਗਿਆ। ਫ਼ਰਵਰੀ, 1920 ਈ. ਵਿੱਚ ਭਾਰਤ ਦੇ ਮੁਸਲਮਾਨਾਂ ਨੇ ਅੰਗਰੇਜ਼ਾਂ ਦੇ ਖ਼ਿਲਾਫ਼ ਇੱਕ ਅੰਦੋਲਨ ਸ਼ੁਰੂ ਕਰ ਦਿੱਤਾ, ਜਿਸ ਨੂੰ 'ਖ਼ਿਲਾਫ਼ਤ ਅੰਦੋਲਨ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਅੰਦੋਲਨ ਵਿੱਚ ਮਹਾਤਮਾ ਗਾਂਧੀ ਦੀ ਪ੍ਰਧਾਨਗੀ ਹੇਠ ਭੇਜੇ ਗਏ ਪ੍ਰਤੀਨਿਧੀ ਮੰਡਲ ਦੀ ਅਸਫ਼ਲਤਾ ਦੇ ਕਾਰਨਾਂ ਬਾਰੇ ਵਿਚਾਰ ਕੀਤੀ ਗਈ ਅਤੇ ਖ਼ਿਲਾਫ਼ਤ ਅੰਦੋਲਨ ਦਾ ਏਜੰਡਾ ਉਲੀਕਿਆ ਗਿਆ। ਇਸ ਵਿੱਚ ਮੁਸਲਮਾਨਾਂ ਨੇ 'ਖ਼ਿਲਾਫ਼ਤ ਸਮਿਤੀ' ਬਣਾਈ। ਡਾ. ਅਨਸਾਰੀ ਦੀ ਅਗਵਾਈ ਹੇਠ ਇੱਕ ਹੋਰ ਪ੍ਰਤੀਨਿਧੀ ਮੰਡਲ ਬਣਾਇਆ ਗਿਆ। ਇਸ ਮੰਡਲ ਨੇ ਵਾਇਸਰਾਏ ਦੇ ਸਾਹਮਣੇ ਮੰਗ ਰੱਖੀ ਕਿ ਤੁਰਕੀ ਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਹਾਨੀ ਨਾ ਪਹੁੰਚਾਈ ਜਾਵੇ ਅਤੇ ਨਾ ਹੀ ਧਾਰਮਿਕ ਆਗੂ ਖ਼ਲੀਫ਼ਾ ਦੀਆਂ ਸ਼ਕਤੀਆਂ ਵਿੱਚ ਕਿਸੇ ਤਰ੍ਹਾਂ ਦੀ ਕੋਈ ਕਟੌਤੀ ਕੀਤੀ ਜਾਵੇ ਪਰ ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਇਸ ਮਗਰੋਂ ਮੌਲਾਨਾ ਮੁਹੰਮਦ ਅਲੀ ਦੀ ਅਗਵਾਈ ਹੇਠ ਇੱਕ ਪ੍ਰਤੀਨਿਧੀ ਮੰਡਲ ਭਾਰਤ ਦੇ ਸਕੱਤਰ ਫਿਸ਼ਰ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਲਾਇਡ ਜਾਰਜ ਨੂੰ ਮਿਲਿਆ ਪਰ ਇਸ ਦਾ ਵੀ ਕੋਈ ਮਹੱਤਵਪੂਰਨ ਨਤੀਜਾ ਨਾ ਨਿਕਲਿਆ।

### ਖ਼ਿਲਾਫ਼ਤ ਅੰਦੋਲਨ ਦਾ ਖ਼ਤਮ ਹੋ ਜਾਣ ਵੱਲ ਜਾਣਾ

ਮੁਸਲਿਮ ਲੀਗ ਦੇ ਨੇਤਾਵਾਂ ਨੇ ਖ਼ਿਲਾਫ਼ਤ ਅੰਦੋਲਨ ਦਾ ਸਾਥ ਛੱਡ ਦਿੱਤਾ ਜਿਸ ਕਰਕੇ ਖ਼ਿਲਾਫ਼ਤ ਅੰਦੋਲਨ ਦਾ ਪਹਿਲਾਂ ਵਾਲਾ ਪ੍ਰਭਾਵ ਕਾਇਮ ਨਾ ਰਿਹਾ। ਤੁਰਕੀ ਨਾਲ ਅੰਗਰੇਜ਼ਾਂ ਨੇ ਆਪਣਾ ਵਤੀਰਾ ਬਦਲ ਲਿਆ ਜਿਸ ਕਰਕੇ ਮੁਸਲਮਾਨ ਅੰਗਰੇਜ਼ਾਂ ਦਾ ਪਹਿਲਾਂ ਵਾਂਗ ਵਿਰੋਧ ਕਰਨ ਤੋਂ ਪਿੱਛੇ ਹਟਣ ਲੱਗੇ। ਤੁਰਕੀ ਨਾਲ ਬਦਲੇ ਵਤੀਰੇ ਦਾ ਅਸਰ ਖ਼ਿਲਾਫ਼ਤ ਅੰਦੋਲਨ 'ਤੇ ਪਿਆ। ਮੁਸਲਮਾਨ ਲੋਕ ਖ਼ਿਲਾਫ਼ਤ ਅੰਦੋਲਨ ਵਿੱਚ ਪਹਿਲਾਂ ਵਾਂਗ ਹਿੱਸਾ ਲੈਣ ਦੀ ਥਾਂ ਆਪਣੇ ਆਪ ਨੂੰ ਇੱਕ ਤਰ੍ਹਾਂ ਨਾਲ ਇਸ ਅੰਦੋਲਨ ਦਾ ਹਿੱਸਾ ਨਾ ਸਮਝਦੇ ਹੋਏ ਇਸ ਅੰਦੋਲਨ ਤੋਂ ਵੱਖਰੇ ਹੋ ਗਏ। ਖ਼ਲੀਫ਼ਾ ਦੀ ਪਦਵੀ ਦਾ ਖ਼ਤਮ ਹੋ ਜਾਣਾ ਵੀ ਖ਼ਿਲਾਫ਼ਤ ਅੰਦੋਲਨ ਨੂੰ ਅੰਤ ਵੱਲ ਲੈ ਜਾਣ ਦਾ ਇੱਕ ਵੱਡਾ ਕਾਰਨ ਬਣ ਕੇ ਉੱਭਰਿਆ। ਭਾਵੇਂ ਖ਼ਿਲਾਫ਼ਤ ਅੰਦੋਲਨ ਪਹਿਲਾਂ ਪੂਰੇ ਜ਼ੋਰਾਂ 'ਤੇ ਚੱਲਿਆ ਪਰ ਕੁਝ ਸਮਾਂ ਲੰਘ ਜਾਣ ਮਗਰੋਂ ਕੁਝ ਅਜਿਹੇ ਕਾਰਨ ਵਾਪਰੇ ਜਾਂ ਕਈ ਬਦਲਾਅ ਆਏ ,ਜਿਸ ਨਾਲ ਖ਼ਿਲਾਫ਼ਤ ਅੰਦੋਲਨ ਇੱਕ ਤਰ੍ਹਾਂ ਨਾਲ ਖ਼ਤਮ ਹੋ ਗਿਆ। ਬ੍ਰਿਟਿਸ਼ ਸਰਕਾਰ ਦਾ ਇਹ ਇਰਾਦਾ ਸੀ ਕਿ ਇਸ ਅੰਦੋਲਨ ਨੂੰ ਕਿਸੇ ਤਰ੍ਹਾਂ ਨਾਲ ਖ਼ਤਮ ਕੀਤਾ ਜਾਵੇ। ਬ੍ਰਿਟਿਸ਼ ਸਰਕਾਰ ਨੂੰ ਇਹ ਪੱਕਾ ਪਤਾ ਸੀ ਕਿ ਜੇਕਰ ਇਹ ਅੰਦੋਲਨ ਆਪਣੀ ਪਕੜ ਨੂੰ ਮਜ਼ਬੂਤ ਕਰਦਾ ਗਿਆ ਤਾਂ ਇੱਕ ਦਿਨ ਸਾਡੇ ਪੈਰ ਉਖਾੜ ਦੇਵੇਗਾ। ਬ੍ਰਿਟਿਸ਼ ਸਰਕਾਰ ਹਰ ਸਮੇਂ ਇੱਕ ਗੱਲ ਹੀ ਇਸ ਅੰਦੋਲਨ ਬਾਰੇ ਸੋਚਦੀ ਸੀ ਕਿ ਇਸ ਅੰਦੋਲਨ ਦੇ ਪ੍ਰਭਾਵ ਨੂੰ ਕਿਵੇਂ ਘਟਾਇਆ ਜਾਵੇ ਜਾਂ ਕਿਸ ਤਰ੍ਹਾਂ ਇਸ ਅੰਦੋਲਨ ਨੂੰ ਖ਼ਤਮ ਕੀਤਾ ਜਾਵੇ। ਇਸ ਅੰਦੋਲਨ ਵਿੱਚ ਅੰਗਰੇਜ਼ਾਂ ਦੁਆਰਾ ਵਰਤੀ ਗਈ 'ਫੁੱਟ ਪਾਓ ਅਤੇ ਰਾਜ ਕਰੋ' ਦੀ ਨੀਤੀ ਨੇ ਇਸ ਅੰਦੋਲਨ ਦੀਆਂ ਜੜ੍ਹਾਂ ਉਖਾੜ ਕੇ ਰੱਖ ਦਿੱਤੀਆਂ।

**International Journal of Research in Economics and Social Sciences(IJRESS)**
Available online at: http://euroasiapub.org
Vol. 8 Issue 7, July- 2018
ISSN(o): 2249-7382 | Impact Factor: 6.939 |

**ਸਿੱਟਾ -** ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਬ੍ਰਿਟਿਸ਼ ਸਰਕਾਰ ਦੇ ਖ਼ਿਲਾਫ਼ ਅੰਦੋਲਨ ਸ਼ੁਰੂ ਹੋਣ ਪਿੱਛੇ ਕਈ ਕਾਰਨ ਜ਼ਿੰਮੇਵਾਰ ਸਨ ਜਿਨ੍ਹਾਂ ’ਚੋਂ ਪਹਿਲਾ ਵਿਸ਼ਵ ਯੁੱਧ ਪ੍ਰਮੁੱਖ ਕਾਰਨ ਸੀ। ਖ਼ਿਲਾਫ਼ਤ ਅੰਦੋਲਨ ਵਿੱਚ ਤੇਜ਼ੀ ਲੈ ਕੇ ਆਉਣ ਲਈ ਬ੍ਰਿਟਿਸ਼ ਸਰਕਾਰ ਦੇ ਖ਼ਿਲਾਫ਼ ਰੋਸ ਮੁਜ਼ਾਹਰੇ, ਨਾਅਰੇਬਾਜ਼ੀ ਅਤੇ ਦਿਖਾਵੇ ਵੀ ਕੀਤੇ ਗਏ ਪਰ ਇਹ ਸਭ ਬ੍ਰਿਟਿਸ਼ ਸਰਕਾਰ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਨਾ ਕਰ ਸਕੇ। ਬ੍ਰਿਟਿਸ਼ ਸਰਕਾਰ ਨੇ ਭਾਰਤੀ ਲੋਕਾਂ ਵਿੱਚ ਆਪਸੀ ਫੁੱਟ ਪੈਦਾ ਕਰਨ ਲਈ ਬਹੁਤ ਸਾਰੇ ਯਤਨ ਕੀਤੇ। ਮਹਾਤਮਾ ਗਾਂਧੀ ਨੇ ਇਸ ਸਭ ਤੋਂ ਦੁਖੀ ਹੋ ਕੇ ਭਾਰਤੀ ਲੋਕਾਂ ਨੂੰ ਨਾ-ਮਿਲਵਰਤਨ ਅੰਦੋਲਨ ਦਾ ਇੱਕੋ-ਇੱਕ ਰਸਤਾ ਦੱਸਿਆ। ਮਹਾਤਮਾ ਗਾਂਧੀ ਨੇ ਉਨ੍ਹਾਂ ਨੂੰ ਦੱਸਿਆ ਕਿ ਬ੍ਰਿਟਿਸ਼ ਸਰਕਾਰ ਨੇ ਮੁਸਲਮਾਨਾਂ ਦੇ ਅਧਿਕਾਰ ਖੋਹੇ ਹਨ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਸਵੀਕਾਰ ਨਹੀਂ ਕੀਤਾ। ਇਸ ਸਭ ਤੋਂ ਪ੍ਰਭਾਵਿਤ ਹੋ ਕੇ ਭਾਰਤੀ ਲੋਕਾਂ ਨੇ ਖ਼ਿਲਾਫ਼ਤ ਅੰਦੋਲਨ ਦੇ ਨਾਲ-ਨਾਲ ਨਾ-ਮਿਲਵਰਤਨ ਅੰਦੋਲਨ ਸ਼ੁਰੂ ਕਰ ਦਿੱਤਾ। ਬ੍ਰਿਟਿਸ਼ ਸਰਕਾਰ ਦਾ ਵਿਰੋਧ ਕਰਨ ਲਈ ਭਾਰਤੀ ਲੋਕਾਂ ਨੇ ਸਰਕਾਰੀ ਨੌਕਰੀਆਂ ਛੱਡ ਦਿੱਤੀਆਂ ਅਤੇ ਮਹਾਤਮਾ ਗਾਂਧੀ ਦਾ ਸਾਥ ਦਿੱਤਾ। ਇੱਕ ਤਰ੍ਹਾਂ ਨਾਲ ਇਹ ਅੰਦੋਲਨ ਭਾਰਤੀ ਲੋਕਾਂ ਅੰਦਰ ਬ੍ਰਿਟਿਸ਼ ਸਰਕਾਰ ਵਿਰੁੱਧ ਜੋਸ਼ ਜ਼ਰੂਰ ਪੈਦਾ ਕਰ ਗਿਆ। ਭਾਰਤੀ ਲੋਕਾਂ ਨੂੰ ਇਹ ਪੂਰੀ ਤਰ੍ਹਾਂ ਨਾਲ ਅਹਿਸਾਸ ਕਰਵਾ ਗਿਆ ਕਿ ਬ੍ਰਿਟਿਸ਼ ਸਰਕਾਰ ਭਾਰਤੀਆਂ ਨਾਲ ਹਰ ਪਾਸੇ ਤੋਂ ਇਸ ਤਰ੍ਹਾਂ ਨਾਲ ਧੱਕਾ ਕਰ ਰਹੀ ਹੈ ਕਿ ਭਾਰਤੀਆਂ ਨੂੰ ਸਦਾ ਹਨੇਰੇ ਵਿੱਚ ਰੱਖੀ ਰੱਖੀਏ ਅਤੇ ਆਜ਼ਾਦੀ ਦੇ ਰਸਤੇ ਤੋਂ ਸਦਾ ਲਈ ਦੂਰ ਰੱਖੀਏ। ਭਾਵੇਂ ਇਹ ਅੰਦੋਲਨ ਸਫ਼ਲ ਨਾ ਹੋ ਸਕਿਆ ਪਰ ਨਾ-ਮਿਲਵਰਤਨ ਅੰਦੋਲਨ ਨੂੰ ਸ਼ੁਰੂ ਕਰਨ ਵਿੱਚ ਹਿੱਸਾ ਪਾ ਗਿਆ।

**ਹਵਾਲੇ ਨੋਟ -**

- Sumit Sarkar, Modern India, 1885-1947, p. 195.
- Rajendra Prasad, India Divided, Third Edition, p. 119.
- R.C. Majumdar, History of the Freedom Movement in India, Volume III, p. 55.
- P.C. Bamford, Histories of the Non-Co-operation and Khilafat Movements, p. 136.
- Sekhar Bandyopadhyay, From Plassey to Partition and After: A History of Modern India, Second Edition, p. 297.
- A.C. Niemeijer, The Khilafat Movement in India, 1919-1924, p. 69.
- Gail Minault, The Khilafat Movement: Religious Symbolism and Political Mobilization in India.
- M. Naeem Qureshi, Pan-Islam in British Indian Politics: A Study of the Khilafat Movement, 1918-1924, p. 88.
- Mushirul Hasan, Religion and Politics - The Ulama and Khilafat Movement, Economic and Political Weekly, Vol. 16, Issue No. 20, 16 May 1981.